*SUTLEJ-Journal of Literature, Sciences and Development Studies* **ISSN: 2455-0760**
Volume No: 1, Issue No: 1, Year: 2026 (January-June) Peer Reviewed & Refereed Journal (IF: 5.8)
PP: 12-17 Journal Website: www. sutlejgcrjournal.in

# ਜਪੁਜੀ ਦੇ ਪੰਜ ਖੰਡ

**ਰਾਜਿੰਦਰ ਕੌਰ**

**ਅਸਿਸਟੈਂਟ ਪ੍ਰੋਫੈਸਰ , ਸਰਕਾਰੀ ਕਾਲਜ ਰੋਪੜ**

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਅੰਤ ਦੇ ਕਰੀਬ 34ਵੀਂ ਤੋਂ 37ਵੀਂ ਚਾਰ ਪੌੜੀਆਂ ਵਿੱਚ ਪੰਜ ਖੰਡਾਂ ਦਾ ਵਰਣਨ ਕੀਤਾ ਹੈ | ਖੰਡ ਸ਼ਬਦ ਦਾ ਅਰਥ ਹੈ ਟੁਕੜਾ', ਹਿੱਸਾ, ਭਾਗ ਆਦਿ। ਪੰਜ ਖੰਡਾਂ ਦੇ ਨਾਂ ਇਸ ਤਰ੍ਹਾਂ ਹਨ:-

1 .ਧਰਮ ਖੰਡ
2 .ਗਿਆਨ ਖੰਡ
3 .ਸਰਮ ਖੰਡ
4 .ਕਰਮ ਖੰਡ
5 .ਸੱਚਖੰਡ

ਪਹਿਲੇ ਤਿੰਨ ਖੰਡ ਕਰਮਵਾਰ 34ਵੀਂ, 35ਵੀਂ ਤੇ 36ਵੀਂ ਪੌੜੀ ਵਿੱਚ ਆਏ ਹਨ ਤੇ ਅੰਤਲੇ ਦੋ ਖੰਡ 37ਵੀਂ ਪੌੜੀ ਵਿੱਚ। ਇਹਨਾਂ ਦੋਹਾਂ ਨੂੰ ਇੱਕੋ ਪੌੜੀ ਵਿੱਚ ਰੱਖਣ ਦਾ ਵੀ ਕੋਈ ਭੇਦ ਹੈ। ਡਾ.ਜੋਗਿੰਦਰ ਸਿੰਘ ਅਨੁਸਾਰ ''ਜਪੁਜੀ ਇਕ ਵਿਚਾਰ ਪ੍ਰਧਾਨ ਬਾਣੀ ਹੈ ਜਿਸ ਦੀਆਂ 34 ਤੋਂ 37 ਤੱਕ ਦੀਆਂ ਪੌੜੀਆਂ ਵਿਚ ਸਚਿਆਰ ਪਦ ਨੂੰ ਪਹੁੰਚਣ ਦੇ ਪੰਜ ਪੜਾਅ ਵਰਨਣ ਕੀਤੇ ਹਨ ਅਤੇ ਦੱਸਿਆ ਹੈ ਕਿ ਸਾਧਕ ਕਿਵੇਂ ਇਕ ਪੜਾਅ ਵਿਚ ਅੱਗੇ ਵਧਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪੜਾਵਾਂ ਨੂੰ ਹੀ 'ਖੰਡ' ਕਿਹਾ ਹੈ ਅਤੇ ਇਹ ਉਨ੍ਹਾਂ ਦਾ ਮੌਲਿਕ ਦਰਸ਼ਨ ਹੈ।''[1]
ਇਹ ਪੰਜ ਖੰਡ ਨਾਮ ਜਪਣ ਵਾਲੇ ਸਾਧਕ ਦੀ ਆਤਮਿਕ ਯਾਤਰਾ ਦੀਆਂ ਮੰਜ਼ਿਲਾਂ ਹਨ। ਗੁਰਮਤਿ ਅਨੁਸਾਰ ਆਤਮਿਕ ਪਾਂਧੀ ਦੀ ਸਾਰੀ ਯਾਤਰਾ ਨਾਮ ਦੇ ਆਸਰੇ ਪੂਰੀ ਹੋ ਜਾਂਦੀ ਹੈ ਜਪੁਜੀ ਦੀ ਬੱਤੀਵੀਂ ਪਉੜੀ ਵਿੱਚ ਗੁਰੂ ਨਾਨਕ ਨੇ, ਨਾਮ ਜਪਣ ਵਾਲੇ ਸਾਧਕ ਦੇ ਪ੍ਰਕਰਨ ਵਿੱਚ ਜਿਨ੍ਹਾਂ ਪੌੜੀਆਂ ਦਾ ਜ਼ਿਕਰ ਕੀਤਾ ਹੈ ,ਉਹ ਇਨ੍ਹਾਂ ਖੰਡਾਂ ਦੀ ਹੀ ਸੂਚਨਾ ਦਿੰਦੀਆਂ ਹਨ :-

ਇੱਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।।

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।।

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।।

ਗੁਰੂ ਸਾਹਿਬ ਨੇ ਨਾਮ ਜਪਣ ਦਾ ਮਹਾਤਮ "ਜਗਦੀਸ" ਅਰਥਾਤ ਜਗਤ ਦੇ ਈਸ (ਮਾਲਕ) ਨਾਲ ਅਭੇਦ ਹੋ ਜਾਣਾ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ ਜੋ ਧਰਮ ਖੰਡ ਤੱਕ ਨਹੀਂ ਆਇਆ ਉਸਦਾ ਸੱਚਖੰਡ ਤੱਕ ਪਹੁੰਚਣਾ ਬਹੁਤ ਔਖਾ ਹੈ।ਚਾਰ ਪੜਾਅ ਹਨ ਤੇ ਪੰਜਵੀਂ ਮੰਜ਼ਿਲ ਹੈ । ਪਹਿਲਾ ਪੜਾਅ ਹੈ ਧਰਮ ਖੰਡ ,ਦੂਜਾ ਪੜਾਅ ਹੈ ਗਿਆਨ ਖੰਡ ,ਤੀਜਾ ਪੜਾਅ ਹੈ ਸਰਮ ਖੰਡ ,ਚੌਥਾ ਪੜਾਅ ਹੈ ਕਰਮ ਖੰਡ ਤੇ ਪੰਜਵੀਂ ਮੰਜ਼ਿਲ ਹੈ ਸੱਚ ਖੰਡ । ਸਾਧਨਾ ਕਰਨ ਵਾਲਾ ਇਨਸਾਨ ਖੁਦ ਨਿਰਨਾ ਕਰ ਸਕਦਾ ਹੈ ਕਿ ਉਹ ਕਿਹੜੇ ਪੜਾਅ ਤੱਕ ਪਹੁੰਚਿਆ ਹੈ । ਰੇਲ ਵਿੱਚ ਬੈਠਾ ਇੱਕ ਮੁਸਾਫਰ ਰਸਤੇ ਵਿੱਚ ਆਉਂਦੇ ਮੀਲ ਪੱਥਰ ਤੋਂ ਅੰਦਾਜ਼ਾ ਲਗਾ ਲੈਂਦਾ ਹੈ ਕਿ ਮੈਂ ਕਿੰਨਾ ਕੁ ਰਸਤਾ ਤੈਅ ਕਰ ਲਿਆ ਤੇ ਮੇਰੀ ਮੰਜ਼ਿਲ ਕਿੰਨੀ ਕੁ ਦੂਰ ਹੈ ।ਇਸੇ ਤਰ੍ਹਾਂ ਸਾਧਕ ਇਹ ਵੀ ਅੰਦਾਜ਼ਾ ਲਗਾ ਲੈਂਦਾ ਹੈ ਕਿ ਮੈਂ ਪਰਮਾਤਮਾ ਦਾ ਮਾਰਗ ਕਿੰਨਾ ਕੁ ਚੱਲਿਆ ਹਾਂ ਰੱਬ ਤੋਂ ਕਿੰਨੀ ਦੂਰ ਹਾਂ ਜਾਂ ਕਿੰਨੀ ਨੇੜੇ ਹਾਂ। ਧਰਮ ਖੰਡ ਪਹਿਲਾ ਪੜਾਅ ਹੈ। ਖੰਡਾਂ ਦੇ ਵਿਸ਼ੇ ਨਾਲ ਇੱਕ ਪਾਸੇ ਨਾਮ ਦਾ ਸੰਬੰਧ ਹੈ ਦੂਜੇ ਪਾਸੇ ਹੁਕਮ ਦਾ। ਨਾਮ ਦਾ ਅਭਿਆਸ ਖੰਡਾਂ ਤੋਂ ਪਹਿਲੇ ਸ਼ੁਰੂ ਹੁੰਦਾ ਹੈ ਤੇ ਹੁਕਮ ਦੀ ਸੰਪੂਰਨ ਸ਼ਕਤੀ ਦਾ ਪ੍ਰਕਾਸ਼ ਖੰਡਾਂ ਦੇ ਅਖੀਰ ਉੱਤੇ। 'ਨਾਮ' 'ਹੁਕਮ' ਤੇ 'ਸੱਚ' ਜਪੁਜੀ ਵਿੱਚ ਕੇਂਦਰੀ ਮਹੱਤਵ ਵਾਲੇ ਤਿੰਨ ਸ਼ਬਦ ਹਨ। ਜੇ ਇਹਨਾਂ ਨਾਲ ਚੌਥਾ ਸ਼ਬਦ ਧਰਮ ਰਲਾ ਲਈਏ ਤਾਂ ਇੱਕ ਐਸਾ ਚੌਖਟਾ ਤਿਆਰ ਹੋ ਜਾਂਦਾ ਹੈ ਕਿ ਸਾਰੀ ਜਾਪੁਜੀ ਜਿਸ ਦੇ ਅੰਦਰ ਸਮਾਈ ਲੱਗਦੀ ਹੈ ।ਧਰਮ ਸ਼ਬਦ ਇਸ ਬਾਣੀ ਵਿੱਚ ਬਹੁਤ ਵਾਰੀ ਆਇਆ ਹੈ। ਅੰਤਲੇ ਸਲੋਕ ਵਿੱਚ ਇਸ ਦੀ ਵਰਤੋਂ ਪੁਰਾਣਿਕ ਰੂਪ ਵਿੱਚ ਹੋਈ ਹੈ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।।


© Copyright @ Authors

" ਇਨ੍ਹਾਂ ਸਤਰਾਂ ਵਿੱਚ ਜਗਤ ਨੂੰ ਇੱਕ ਸਟੇਜ ਨਾਲ ਤੁਲਨਾ ਦਿੱਤੀ ਹੈ ਜਿਸ ਉੱਤੇ ਜੀਵ ਰੂਪੀ ਪਾਤਰ ਆਪਣਾ ਕਾਰਜ ਕਰ ਰਹੇ ਹਨ। ਧਰਮਰਾਜ ਉਨ੍ਹਾਂ ਦੇ ਕਾਰਜਾਂ ਦੀ ਪੜਚੋਲ ਕਰਨ ਵਾਲਾ ਆਲੋਚਕ ਹੈ।"[2] 'ਧਰਮ' ਸ਼ਬਦ 16ਵੀਂ ਪਉੜੀ ਵਿੱਚ ਵੀ ਵਰਤਿਆ ਗਿਆ ਹੈ:-

ਧੌਲੁ ਧਰਮ ਦਇਆ ਕਾ ਪੂਤੁ ।।

ਸੰਤੋਖੁ ਥਾਪਿ ਰਖਿਆ ਜਿਨਿ ਸੂਤ ।।

ਇੱਥੇ ਧਰਮ ਦੇ ਅਰਥ ਆਮ ਤੌਰ ਉੱਤੇ ਕੁਦਰਤ ਦਾ ਉਹ ਬੱਝਵਾਂ ਨਿਯਮ ਕੀਤੇ ਜਾਂਦੇ ਹਨ ਜਿਸ ਵਿੱਚ ਬੱਧੀ ਧਰਤੀ ਬਿਨ੍ਹਾਂ ਡੋਲੇ ਆਪਣੇ ਰਾਹ ਉੱਤੇ ਤੁਰਦੀ ਜਾ ਰਹੀ ਹੈ। ਇਨ੍ਹਾਂ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਧਰਮਖੰਡ ਵਾਲੀ ਪਉੜੀ ਸਾਡੀ ਸਹਾਇਤਾ ਕਰਦੀ ਹੈ।

**ਧਰਮ ਖੰਡ** - 34ਵੀਂ ਪਉੜੀ ਦੇ ਪਹਿਲੇ ਭਾਗ ਵਿੱਚ ਧਰਮ ਦੇ ਨਿਯਮ ਵਾਲੇ ਅਰਥ ਵਧੇਰੇ ਢੁਕਵੇਂ ਹਨ ਤੇ ਦੂਜੇ ਭਾਗ ਵਿੱਚ ਧਰਮਰਾਜ ਨਾਲ ਮੇਲ ਖਾਂਦੇ ਅਰਥ। ਇਹ ਪੌੜੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ :-

ਰਾਤੀ ਰੁਤੀ ਥਿਤੀ ਵਾਰ।। ਪਵਣ ਪਾਣੀ ਅਗਨੀ ਪਾਤਾਲ।।

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ।। (34)

ਧਰਤੀ ਨੂੰ ਧਰਮਸਾਲ ਕਹਿਣ ਤੋਂ ਇਹੀ ਮੁਰਾਦ ਹੈ ਕਿ ਇਹ ਧਰਮ ਦੇ ਨਿਰਵਾਹ ਦੀ ਥਾਂ ਹੈ ਜਾਂ ਇਸ ਵਿੱਚ ਧਰਮ ਵਿਆਪਕ ਹੈ। ਇਨ੍ਹਾਂ ਤਿੰਨਾਂ ਤੁਕਾਂ ਵਿੱਚੋਂ ਪਹਿਲੀ ਵਿੱਚ ਸਮੇਂ ਦੇ ਅੰਗਾਂ ਨੂੰ ਗਿਣਿਆ ਹੈ ਤੇ ਦੂਜੀ ਵਿੱਚ ਤੱਤਾਂ ਨੂੰ। ਦੀਵਾਨ ਸਿੰਘ ਦਾ ਮਤ ਹੈ ,"ਧਰਮ ਖੰਡ ਵਿਚ ਕਰਮਾਂ ਦਾ ਫ਼ਲ ਹੈ। ਨੇਕੀ ਤੇ ਬਦੀ ਦਾ ਵਰਤਾਰਾ ਹੈ |ਸਦਾਚਾਰ ਦੀ ਕਸਵੱਟੀ ਹੈ |ਫ਼ਲ ਦਾ ਨਿਰਣਾ ਮਰਨ ਉਪਰੰਤ ਜਾਂ ਸੱਚੇ ਦਰਬਾਰ ਵਿਚ ਹੁੰਦਾ ਹੈ। ਇਹ ਧਰਤੀ ਇਕ ਕਰਮ ਭੂਮੀ ਹੈ |ਪਰੰਤੂ ਸਤਿ ਮਾਰਗ ਗ੍ਰਹਿਣ ਕਰਨ ਦੀ ਸੰਭਾਵਨਾ ਰੱਖਣ ਦੇ ਕਾਰਨ ਇਹ ਇਕ ਧਰਮਸਾਲ ਵੀ ਹੈ। ਸਦਾਚਾਰਕ ਸੋਝੀ ਪ੍ਰਾਪਤ ਕਰਕੇ ਮਨੁੱਖ ਗਿਆਨੀ ਹੋ ਜਾਂਦਾ ਹੈ |ਉਸਦੇ ਗਿਆਨ ਦੀ ਵਿਸ਼ਾਲਤਾ ਵਿਕਾਸ ਕਰਕੇ ਦੂਰ- ਦੂਰ ਜਾ ਪੁੱਜਦੀ ਹੈ।"[3] ਸਮੁੱਚੇ ਨਿਜ਼ਾਮ ਵਿੱਚ ਇੱਕ ਤਰਤੀਬ ਹੈ, ਰਾਤ ਹੈ, ਰੁੱਤਾਂ ਹਨ, ਸੂਰਜ ,ਚੰਦ, ਤਾਰੇ ਹਨ ,ਗ੍ਰਹਿ ਨਛੱਤਰ ਹਨ ,ਸਾਰੇ ਦੇ ਸਾਰੇ ਬਕਾਇਦਾ ਤਰਤੀਬ ਵਿੱਚ ਹਨ, ਮਰਿਆਦਾ ਵਿੱਚ ਹਨ, ਵਿਧੀ ਵਿਧਾਨ ਦੇ ਮੁਤਾਬਕ ਚੱਲ ਰਹੇ ਹਨ ।ਸਮੁੱਚੀ ਦੁਨੀਆਂ ਵਿੱਚ ਟਰੈਫਿਕ ਦੇ ਨਿਯਮ ਹਨ ਪਰ ਫਿਰ ਵੀ ਐਕਸੀਡੈਂਟ ਹੁੰਦੇ ਹਨ । ਅਸਮਾਨ ਵਿੱਚ ਝਾਤ ਮਾਰੀਏ ਅਣਗਿਣਤ ਤਾਰੇ ,ਗ੍ਰਹਿ ਨਛੱਤਰ ਹਨ ਤੇ ਸਾਰੇ ਤੇਜ਼ ਗਤੀ ਵਿੱਚ ਵਿਚਰਦੇ ਹਨ। ਪਰ ਅਜਿਹਾ ਸੁਣਨ ਵਿੱਚ ਨਹੀਂ ਆਇਆ ਕਿ ਇੱਕ ਗ੍ਰਹਿ ਦੂਜੇ ਨਾਲ ਟਕਰਾ ਗਿਆ, ਇੱਕ ਨਛੱਤਰ ਦੂਜੇ ਨਾਲ ਟਕਰਾ ਗਿਆ। ਬੜੀ ਤੇਜ਼ ਗਤੀ ਨਾਲ ਇਹ ਸਭ ਚੱਲ ਰਹੇ ਹਨ।ਇੱਥੋਂ ਸਪਸ਼ਟ ਹੁੰਦਾ ਹੈ ਕਿ ਕੁਝ ਵਿਧਾਨ ਹੈ। ਇਹਨਾਂ ਗ੍ਰਹਿ ਨਛੱਤਰਾਂ ਦੀ ਚਾਲ ਨੂੰ ਚਲਾਉਣ ਵਾਸਤੇ ਪਰਿਪੂਰਨ ਪਰਮਾਤਮਾ ਨੇ ਕੁਝ ਨਿਯਮ ਬਣਾਏ ਹੋਏ ਹਨ । ਸਾਗਰ ,ਗ੍ਰਹਿ ,ਪਵਣ ,ਪਾਣੀ, ਨਛੱਤਰ ਸਭ ਮਰਿਆਦਾ ਵਿੱਚ ਚੱਲ ਰਹੇ ਹਨ। ਜਦੋਂ ਇਹ ਸਭ ਕੁਝ ਮਰਿਆਦਾ ਵਿੱਚ ਹੈ, ਇਸੇ ਤਰ੍ਹਾਂ ਜਦ ਮਨੁੱਖ ਆਪਣੇ ਜੀਵਨ ਨੂੰ ਮਰਿਆਦਾ ਦੇ ਦਿੰਦਾ ਹੈ ਤਾਂ ਅਜਿਹੇ ਮਨੁੱਖ ਨੂੰ ਕਹਿ ਦਿੰਦੇ ਹਨ ਕਿ ਇਹ ਪਹਿਲੇ ਪੜਾਅ ਤੱਕ ਪਹੁੰਚ ਗਿਆ। ਇਹ ਧਰਮ ਖੰਡ ਵਿੱਚ ਪਹੁੰਚ ਗਿਆ। ਆਪਣੀ ਜ਼ਿੰਦਗੀ ਨੂੰ ਉਸਨੇ ਮਰਿਆਦਾ ਦਿੱਤੀ ਹੈ। ਪਹਿਚਾਣ ਕੀ ਹੋਵੇਗੀ? ਉਸਦਾ ਬੋਲਣਾ ਮਰਿਆਦਾ ਵਿੱਚ ਹੋਵੇਗਾ ,ਉਸਦਾ ਉੱਠਣਾ, ਬੈਠਣਾ, ਸੌਣਾ, ਜਾਗਣਾ ਮਰਿਆਦਾ ਵਿੱਚ ਹੋਵੇਗਾ। ਉਸਦਾ ਖਾਣਾ - ਪੀਣਾ ਮਰਿਆਦਾ ਵਿੱਚ ਹੋਵੇਗਾ । ਉਸਦਾ ਪਹਿਨਣਾ ਮਰਿਆਦਾ ਵਿੱਚ ਹੋਵੇਗਾ ਤੇ ਉਸ ਦਾ ਹੱਸਣਾ ਤੇ ਰੋਣਾ ਵੀ ਮਰਿਆਦਾ ਵਿੱਚ ਹੋਵੇਗਾ। ਉਸਦਾ ਸਾਰਾ ਕੁਝ ਤਰਤੀਬ ਵਿੱਚ ਹੋਵੇਗਾ। ਜਿਵੇਂ ਇੱਟਾਂ ਨੂੰ ਤਰਤੀਬ ਦਈਏ ਤਾਂ ਦੀਵਾਰ ਬਣੇਗੀ। ਆਵਾਜ਼ ਨੂੰ ਤਰਤੀਬ ਦਈਏ ਤਾਂ ਸੰਗੀਤ ਬਣਦਾ ਹੈ। ਅੱਖਰਾਂ ਨੂੰ ਤਰਤੀਬ ਦਈਏ ਤਾਂ ਕਵਿਤਾ ਦਾ ਜਨਮ ਹੁੰਦਾ ਹੈ। ਜੀਵਨ ਦੀ ਇੱਕ ਇੱਕ ਨਸ ਨੂੰ ,ਇੱਕ ਇੱਕ ਰੋਮ ਨੂੰ ,ਪਰਮਾਤਮਾ ਨੇ ਤਰਤੀਬ ਦਿੱਤੀ ਹੈ ਤਾਂ ਸੁੰਦਰ ਕਾਇਆ ਦਾ ਜਨਮ ਹੋਇਆ। ਸਰੀਰ ਦਾ ਢਾਂਚਾ ਵੀ ਤਰਤੀਬ ਵਿੱਚ ਹੈ ਤਾਂ ਫਿਰ ਕਰਮਾਂ ਦਾ ਢਾਂਚਾ ਵੀ ਤਰਤੀਬ ਵਿੱਚ ਹੋਣਾ ਚਾਹੀਦਾ ਹੈ। ਇਸ ਨੂੰ ਹੀ ਗੁਰੂ ਸਾਹਿਬ ਧਰਮ ਖੰਡ ਦਾ ਨਾਮ ਦਿੰਦੇ ਹਨ। ਆਪ ਦਾ ਫਰਮਾਨ ਹੈ ਕਿ ਐ ਬੰਦੇ ਤੂੰ ਇਸ ਧਰਤੀ ਤੇ ਧਰਮ ਕਮਾਉਣ ਵਾਸਤੇ ਆਇਆ ਤੇ ਇਹ ਧਰਤੀ ਧਰਮਸਾਲ ਹੈ। ਇਥੇ ਸਭ ਕੁਝ ਧਰਮ ਵਿੱਚ ਹੈ । ਇੱਥੇ ਸਭ ਕੁਝ ਮਰਿਆਦਾ ਵਿੱਚ ਹੈ। ਧਰਮ ਦੇ ਅੱਖਰੀ ਅਰਥ ਹਨ ਧਾਰਨ ਕਰਨਾ। ਕਿਸੇ ਨਿਯਮ ਨੂੰ ,ਅਸੂਲ ਨੂੰ ,ਮਰਿਆਦਾ ਨੂੰ । ਜਿਸ ਸਮੇਂ ਮਨੁੱਖ ਦਾ ਸਭ ਕੁਝ ਮਰਿਆਦਾ ਵਿੱਚ ਹੋ ਜਾਂਦਾ ਹੈ ਜਾਪ ਜਾਰੀ ਰਹਿੰਦਾ ਹੈ, ਬੰਦਗੀ ਜਾਰੀ ਰਹਿੰਦੀ ਹੈ ਤਾਂ ਅਜਿਹੇ ਪੁਰਸ਼ ਨੂੰ ਕਹਿੰਦੇ ਹਨ ਕਿ ਇਹ ਧਰਮ ਖੰਡ ਵਿੱਚ ਪਹੁੰਚ ਗਿਆ ਪਰ ਇਹ ਪਹਿਲਾ ਪੜਾਅ ਹੈ । ਇੱਥੋਂ ਹੀ ਅਸੀਂ ਮਨੁੱਖ ਨੂੰ ਕਹਿ ਦਿੰਦੇ ਹਾਂ ਕਿ ਇਹ ਧਰਮੀ ਹੈ। ਬੇ -ਤਰਤੀਬਾ ਇਸਦਾ ਕੁਝ ਨਹੀਂ ਹੈ । ਇਸਦੇ ਬੋਲਾਂ ਵਿੱਚ ਤਰਤੀਬ ਹੈ । ਉੱਠਣ ਬੈਠਣ ਵਿੱਚ ਤਰਤੀਬ ਹੈ । ਜਾਪ ਜਾਰੀ ਹੋਵੇ ਤਾਂ ਫਿਰ ਧਰਮ ਖੰਡ ਤੋਂ ਸੁਰਤ ਅਗਾਂਹ ਪਹੁੰਚ ਕੇ ਗਿਆਨ ਖੰਡ ਵਿੱਚ ਚਲੀ ਜਾਂਦੀ ਹੈ ।


© Copyright @ Authors

**ਗਿਆਨ ਖੰਡ** - ਸਾਧਕ ਦੀ ਆਤਮਿਕ ਯਾਤਰਾ ਦਾ ਦੂਜਾ ਪੜਾਅ ਹੈ ਗਿਆਨ ਖੰਡ -ਗਿਆਨ ਖੰਡ ਦੀ ਅਵਸਥਾ ਵਿੱਚ ਪਹੁੰਚਦਿਆਂ ਹੀ ਸਾਧਕ ਦਾ ਤਨ ਮਨ ਮੌਲ ਉੱਠਦਾ ਹੈ ।ਉਹ ਮਹਿਸੂਸ ਕਰਦਾ ਹੈ ਕਿ ਉਸ ਦੀਆਂ ਅੱਖਾਂ ਅੱਗੋਂ ਇੱਕ ਹਨੇਰਾ ਹਟ ਗਿਆ ਹੈ। ਨਿਰੰਕਾਰ ਨਾਲ ਮਿਲਾਪ ਵਿੱਚ ਵਿਘਨ ਪਾਉਣ ਵਾਲੇ ਸਾਰੇ ਕਾਰਨ ਦੂਰ ਹੋ ਗਏ ਜਾਪਦੇ ਹਨ। ਹੁਣ ਉਹ ਦੈਵੀ ਨੂਰ ਦਾ ਆਨੰਦ ਬੇਰੋਕ ਮਾਣ ਸਕਦਾ ਹੈ ਉਸ ਨੂੰ ਆਤਮਿਕ ਰਸ ਇੰਨਾ ਅਨੰਦਿਤ ਕਰਦਾ ਹੈ ਕਿ ਉਹ ਆਪਣੇ ਅੰਤਿਮ ਨਿਸ਼ਾਨੇ ਉੱਤੇ ਪਹੁੰਚ ਚੁੱਕਾ ਪ੍ਰਤੀਤ ਕਰਦਾ ਹੈ। ਪਰ ਗਿਆਨ ਖੰਡ ਤਾਂ ਦੂਜਾ ਖੰਡ ਹੀ ਹੈ ।ਜਗਬੀਰ ਸਿੰਘ ਅਨੁਸਾਰ ,"ਅਧਿਆਤਮਕ ਜੀਵਨ ਦਾ ਦੂਸਰਾ ਪੜਾਓ ਗਿਆਨ ਨੂੰ ਬਣਾਕੇ ਗੁਰੂ ਨਾਨਕ ਨੇ ਯਥਾਰਥ ਦੀ ਵਾਸਤਵਿਕ ਸਥਿਤੀ ਨੂੰ ਪਛਾਣਨ ਉੱਪਰ ਬਲ ਦਿੱਤਾ ਹੈ। ਧਰਮ ਖੰਡ ਦੀ ਨੈਤਿਕ ਬੁਨਿਆਦ ਉੱਪਰ ਉਸਰਿਆ ਸ਼ੁੱਧ ਗਿਆਨ ਦਾ ਖੰਡ ਮਨੁੱਖ ਨੂੰ ਮਾਇਆਵੀ ਪ੍ਰਪੰਚ ਦੇ ਨਾਸ਼ਮਾਨ ਪਾਸਾਰ ਦੀ ਸੋਝੀ ਕਰਵਾਕੇ ਬ੍ਰਹਮ -ਗਿਆਨ ਦਾ ਮਾਰਗ ਖੋਲ ਦਿੰਦਾ ਹੈ। ਪ੍ਰਚੰਡ ਗਿਆਨ ਦੀ ਪ੍ਰਕਾਸ਼ ਦ੍ਰਿਸ਼ਟੀ ਜਗਤ ਰਚਨਾ ਦੇ ਸਮੂਹ ਵਿਸਤਾਰ ਨੂੰ ਰੁਸ਼ਨਾਉਣ ਵਾਲੀ ਆਨੰਦਦਾਇਕ ਸਥਿਤੀ ਪੈਦਾ ਕਰਦੀ ਹੈ।"[4] ਇਸ ਦੂਜੇ ਖੰਡ ਦੀ ਰੂਪ ਰੇਖਾ ਗੁਰੂ ਨਾਨਕ ਸਾਹਿਬ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ:-

ਧਰਮ ਖੰਡ ਕਾ ਏਹੋ ਧਰਮ।। ਗਿਆਨ ਖੰਡ ਕਾ ਆਖਹੁ ਕਰਮੁ ।।

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ।।

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।। (35)

ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਨੂੰ ਪਤਾ ਚੱਲਦਾ ਕਿ ਕਈ ਅਵਤਾਰੀ ਪੁਰਸ਼ ਹਨ। ਕਈ ਗ੍ਰਹਿ ਨਛੱਤਰ ਹਨ, ਕਈ ਸੂਰਜ ਚੰਦ ਤਾਰੇ ਹਨ, ਅਣਗਿਣਤ ਪ੍ਰਿਥਵੀਆਂ ਹਨ, ਬੇਸ਼ੁਮਾਰ ਅਵਤਾਰੀ ਦੁਨੀਆਂ ਹੈ। ਇੱਥੇ ਪਹੁੰਚ ਕੇ ਮਨੁੱਖ ਵਿਅਕਤੀ ਦਾ ਪੁਜਾਰੀ ਨਾ ਹੋ ਕੇ ਸ਼ਕਤੀ ਦਾ ਪੁਜਾਰੀ ਹੋ ਜਾਂਦਾ ਹੈ। ਉਸ ਵਿਚ ਪਰਮਾਤਮਾ ਇੱਕ ਸ਼ਕਤੀ ਦੀ ਤਰ੍ਹਾਂ ਪ੍ਰਗਟ ਹੁੰਦਾ ਹੈ ਨਾ ਕਿ ਇੱਕ ਵਿਅਕਤੀ ਦੀ ਤਰ੍ਹਾਂ। ਵਿਅਕਤੀ ਦਾ ਜਨਮ ਵੀ ਹੁੰਦਾ, ਮਰਨ ਵੀ ਹੁੰਦਾ, ਜਾਤ ਵੀ ਹੁੰਦੀ ਹੈ ,ਪਾਤ ਵੀ ਹੁੰਦੀ ਹੈ। ਗਿਆਨ ਖੰਡ ਵਿੱਚ ਪਹੁੰਚ ਕੇ ਉਸਨੂੰ ਪਤਾ ਚੱਲਦਾ ਹੈ ਕਿ ਪਰਮਾਤਮਾ ਵਿਅਕਤੀ ਨਹੀਂ।

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ।।

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ।। (35)

ਬਰਮੇ ਜੈਸੇ ਆਲਮ ਅਣਗਿਣਤ ਹਨ ,ਸ਼ਿਵ ਜੈਸੇ ਯੋਗੀ ਅਨੇਕ ਹਨ ,ਅਨੇਕਾਂ ਹੀ ਅਵਤਾਰੀ ਪੁਰਸ਼ ਹਨ ਅਤੇ ਇਹ ਇੰਨਾ ਲੰਮਾ ਪਸਾਰਾ ਹੈ ਜਿਸ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ ।ਗਿਆਨ ਖੰਡ ਵਿੱਚ ਪਹੁੰਚ ਕੇ ਮਨੁੱਖ ਕਿਸੇ ਹੱਦ ਤੱਕ ਅਵਤਾਰਾਂ ਦਾ ਵੀ ਪੁਜਾਰੀ ਨਹੀਂ ਰਹਿ ਜਾਂਦਾ। ਉਹ ਇੰਝ ਸਮਝਦਾ ਹੈ ਕਿ ਜਿਵੇਂ ਚੰਦਰਮਾ ਦੀ ਤਰਫ ਉਂਗਲ ਨਾਲ ਇਸ਼ਾਰਾ ਕੀਤਾ ਗਿਆ ਪਰ ਉਂਗਲ ਚੰਦਰਮਾ ਨਹੀਂ ਹੈ। ਉਹ ਸਮਝਦਾ ਹੈ ਅਵਤਾਰ ਇੱਕ ਇਸ਼ਾਰਾ ਹਨ ,ਅਵਤਾਰ ਇੱਕ ਜਰੀਆ ਹੈ ਜਿਸ ਦਾ ਇਸਤੇਮਾਲ ਕਰਕੇ ਪਰਮਾਤਮਾ ਤੱਕ ਪਹੁੰਚਣਾ ਹੈ । ਇਸ ਸਭ ਕੁਝ ਦੀ ਅਸਲੀਅਤ ਦਾ ਸਾਧਕ ਨੂੰ ਪਤਾ ਚੱਲ ਜਾਂਦਾ ਹੈ। ਪੂਰਨ ਸੰਜੋਗ ਹਾਲੇ ਬਹੁਤ ਅੱਗੇ ਹੈ। ਇਸ ਖੰਡ ਦਾ ਸੰਯੋਗ ਸਥਾਈ ਨਹੀਂ। ਇਸ ਨੂੰ ਅਸਥਾਈ ਸੰਯੋਗ ਕਿਹਾ ਜਾ ਸਕਦਾ ਹੈ। ਅਸਲ ਵਿੱਚ ਇਸ ਖੰਡ ਦੇ ਆਨੰਦ ਨੂੰ ਮਾਨਣ ਲਈ ਸਾਧਕ ਦੇ ਮਨ ਵਿੱਚ ਜੋ ਲੋਭ ਪੈਦਾ ਹੋ ਜਾਂਦਾ ਹੈ ਉਸ ਵਿੱਚੋਂ ਉਸਨੂੰ ਕੱਢਣਾ ਪੈਂਦਾ ਹੈ। ਦੈਵੀ ਆਨੰਦ ਵੀ ਇੱਕ ਰਾਹ ਤੋਂ ਖੁੰਝਾਉਣ ਵਾਲੀ ਵਸਤ ਹੈ। ਆਤਮਿਕ ਪਾਂਧੀ ਦਾ ਕਰਤੱਵ ਅੰਤਿਮ ਸੱਚ ਵੱਲ ਲਗਾਤਾਰ ਅੱਗੇ ਵਧੀ ਜਾਣਾ ਹੈ ਪਰ ਗਿਆਨ ਖੰਡ ਵਿੱਚ ਉਸਨੂੰ ਇਸ ਤਰ੍ਹਾਂ ਦੀ ਸੋਝੀ ਨਹੀਂ ਹੁੰਦੀ। ਇਸ ਖੰਡ ਵਿੱਚ ਉਹ ਆਨੰਦ ਮਾਨਣ ਵਿੱਚ ਖੀਵਾ ਹੋਇਆ ਰਹਿੰਦਾ ਹੈ। ਆਨੰਦ ਇਸ ਖੰਡ ਦੀ ਵਿਸ਼ੇਸ਼ਤਾ ਹੈ।

ਗਿਆਨ ਖੰਡ ਮਹਿ ਗਿਆਨੁ ਪਰਚੰਡੁ ਤਿਥੈ ਨਾਦ ਬਿਨੋਦ ਕੋਡ ਅਨੰਦੁ।।

ਧਰਮ ਖੰਡ ਦੀ ਕਠਨ ਘਾਲ ਬਾਅਦ ਗਿਆਨ ਖੰਡ ਦੇ ਆਨੰਦ ਦੀ ਪ੍ਰਾਪਤੀ ਇੱਕ ਥੱਕੇ ਟੁੱਟੇ ਮੁਸਾਫਰ ਲਈ ਸਾਹ ਲੈਣ ਦੇ ਬਰਾਬਰ ਹੈ। ਇਹ ਆਨੰਦ ਇੱਕ ਅੰਦਰ ਦੀ ਮਾਨਸਿਕ ਅਵਸਥਾ ਹੈ। ਗਿਆਨ ਖੰਡੀ ਸਾਧਕ ਨੂੰ ਸਾਰੀ ਸ੍ਰਿਸ਼ਟੀ ਇੱਕ ਅਸਚਰਜ ਕੌਤਕ ਦੇ ਰੂਪ ਵਿੱਚ ਦਿਸਦੀ ਹੈ । ਗਿਆਨ ਖੰਡ ਵਿੱਚ ਪਹੁੰਚ ਕੇ ਰਹੱਸਵਾਦੀ ਲਈ ਵਿਸ਼ਵ ਇੱਕ ਬੇਸਿਰ ਪੈਰ ਹੋਂਦ ਨਹੀਂ ਰਹਿੰਦਾ । ਪੂਰੀ ਤਰ੍ਹਾਂ ਇਕਾਗਰ ਹੋਈ ਇਕਾਈ ਨਜ਼ਰ ਆਉਂਦਾ ਹੈ। ਸਾਰੇ ਵਿਸ਼ਵ ਪਿੱਛੇ ਇੱਕ ਐਸੀ ਲੁਪਤ ਤਾਰ ਦੇ ਦਰਸ਼ਨ ਕਰਨੇ ਜਿਹੜੀ ਇਸ ਦੇ ਵਿਭਿੰਨ ਭਾਗਾਂ ਨੂੰ ਇੱਕ ਲੜੀ ਵਿੱਚ ਪਰਾਉਂਦੀ ਹੈ ਇਸ ਖੰਡ ਦੇ ਅਨੁਭਵ ਦਾ ਮੁੱਖ ਲੱਛਣ ਹੈ ।ਸਾਧਕ ਨੂੰ ਸ੍ਰਿਸ਼ਟੀ ਦੇ ਕਣ ਕਣ ਵਿੱਚ ਨਿਰੰਕਾਰ ਦੇ ਝੋਲੇ ਵੱਜਦੇ ਹਨ। ਕੁਦਰਤ ਵਿੱਚ ਵੱਸਦੇ ਕਾਦਰ ਦੇ ਦਰਸ਼ਨ ਗਿਆਨ ਖੰਡ ਵਿੱਚ ਸਭ ਤੋਂ ਪਹਿਲੇ ਸ਼ੁਰੂ ਹੁੰਦੇ ਹਨ ।


© Copyright @ Authors

**ਸਰਮ ਖੰਡ** - ਜੇਕਰ ਧਰਮ ਖੰਡ ਨੂੰ ਆਪਾ ਸੁਧਾਰ ਦਾ ਖੰਡ ਕਹੀਏ ਤੇ ਗਿਆਨ ਖੰਡ ਨੂੰ ਦੈਵੀ ਦਰਸ਼ਨਾਂ ਦੇ ਆਨੰਦ ਦਾ ਤਾਂ ਸਰਮ ਖੰਡ ਨੂੰ ਕਠਨ ਘਾਲ ਦਾ ਖੰਡ ਕਹਾਂਗੇ। ਸਰਮ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦੇ ਅਰਥ ਹਨ ਤਪੱਸਿਆ ,ਮੁਸ਼ੱਕਤ, ਮਿਹਨਤ, ਖੇਚਲ ਆਦਿ। ਪ੍ਰਿਤਪਾਲ ਸਿੰਘ ਅਨੁਸਾਰ ,''ਇਹ ਸਰਮ ਖੰਡ ਹੈ:ਉੱਦਮ ਜਾਂ ਮਿਹਨਤ ਦਾ ਪਦ |ਉੱਦਮ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ| ਦੂਜੇ ਪਾਸੇ ਗਿਆਨ ਉੱਦਮ ਨੂੰ ਉਤੇਜਿਤ ਵੀ ਕਰਦਾ ਹੈ| ਸਿਮਰਨ ਤੇ ਸਾਧਨਾ ਦੀ ਕੁਠਾਲੀ ਵਿਚ ਢਲ਼ਕੇ ਜੀਵ ਇਸ ਪੜਾਅ ਉੱਤੇ ਇਕ ਨਵਾਂ ਰੂਪ ਗ੍ਰਹਿਣ ਕਰਦਾ ਹੈ |ਇਸ ਖੰਡ ਵਿਚ ਸਾਧਕ ਦੀ ਸੁਰਤਿ,ਮਤਿ,ਮਨ ਅਤੇ ਬੁਧਿ ਦੀ ਨਵੀਂ ਘਾੜਤ ਹੁੰਦੀ ਹੈ |ਜਿਸ ਦੇ ਫਲਸਰੂਪ ਉਹ ਕੁੰਦਨ ਵਾਂਗ ਨਿਰਮਲ ,ਸ਼ੁੱਧ ਤੇ ਖੋਟ-ਮੁਕਤ ਹੋ ਜਾਂਦਾ ਹੈ |ਇਹ ਮਨੁੱਖ ਦੇ ਕਮਾਲ ਦੀ ਚਰਮ ਸੀਮਾ ਹੈ|ਹੁਣ ਉਹ ਪੂਰਨਤਾ ਦੇ ਨਿਕਟ ਪੁੱਜ ਚੁੱਕਾ ਹੈ |''[5] ਸਰਮ ਖੰਡ ਇੱਕ ਆਵਾ ਹੈ ਜਿਸ ਵਿੱਚ ਕੱਚੇ ਪੱਕਦੇ ਹਨ। ਇਹ ਪਕਿਆਈ ਬਹੁਤ ਸੇਕ ਲੈਂਦੀ ਹੈ। ਗੁਰੂ ਨਾਨਕ ਸਾਹਿਬ ਨੇ 36ਵੀਂ ਪੌੜੀ ਵਿੱਚ ਇਸ ਖੰਡ ਵਿੱਚ ਸਾਧਕ ਅੰਦਰ ਆਉਣ ਵਾਲੇ ਪਰਿਵਰਤਨ ਦਾ ਹੀ ਉਲੇਖ ਕੀਤਾ ਹੈ। ਇਸ ਅਨੁਸਾਰ ਸਾਧਕ ਦੇ ਅੰਤਹਕਰਨ ਦੇ ਸਭ ਅੰਗ ਨਵੇਂ ਸਿਰਿਓਂ ਘੜੇ ਜਾਂਦੇ ਹਨ।

ਸਰਮ ਖੰਡ ਕੀ ਬਾਣੀ ਰੂਪੁ।। ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।।

ਤਾ ਕੀਆ ਗਲਾ ਕਥੀਆ ਨਾ ਜਾਹਿ।। ਜੇ ਕੋ ਕਹੈ ਪਿਛੈ ਪਛੁਤਾਇ ।।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।।

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।। (36)

ਇਹ ਨਵੇਂ ਰੂਪ ਘੜੇ ਜਾਣ ਦਾ ਖੰਡ ਹੈ। ਸਰਮ ਖੰਡ ਦੇ ਵਿੱਚ ਮਨੁੱਖ ਦੀ ਬਣਤਰ ਬਹੁਤ ਸੁੰਦਰ ਹੋ ਜਾਂਦੀ ਹੈ। ਮਨ ਬਹੁਤ ਸੁੰਦਰ ਹੋ ਜਾਂਦਾ ਹੈ। ਚਿੱਤ ਬਹੁਤ ਸੁੰਦਰ ਹੋ ਜਾਂਦਾ ਹੈ। ਬੁੱਧੀ ਬਹੁਤ ਨਿਰਮਲ ਹੋ ਜਾਂਦੀ ਹੈ। ਅਹਿਮ ਭਾਵ ਵੀ ਮਨੁੱਖ ਦਾ ਸੁੰਦਰ ਹੋ ਜਾਂਦਾ ਹੈ। ਕਿਉਂਕਿ ਸਰਮ ਖੰਡ ਇੱਕ ਅਜਿਹੀ ਟਕਸਾਲ ਹੈ ਜਿੱਥੇ ਘਾੜਤ ਬਹੁਤ ਕਮਾਲ ਦੀ ਘੜੀ ਜਾਂਦੀ ਹੈ। ਇੱਥੇ ਜੋ ਮਨ ਘੜਿਆ ਜਾਂਦਾ ਹੈ ਉਹ ਦੇਵਤਿਆਂ ਤੇ ਰਿਸ਼ੀ ਮੁਨੀਆਂ ਦਾ ਰੂਪ ਹੁੰਦਾ ਹੈ। ਉੱਥੇ ਜੋ ਬੁੱਧੀ ਤੇ ਚਿੱਤ ਦੀ ਘਾੜਤ ਘੜੀ ਜਾਂਦੀ ਹੈ ਉਹ ਦੇਵਤਿਆਂ ਦੀ ਤਰ੍ਹਾਂ ਹੁੰਦੀ ਹੈ। ਮਨ ਵਿੱਚ ਗਲਤ ਫੁਰਨੇ ਨਹੀਂ ਪੈਦਾ ਹੁੰਦੇ। ਬੁੱਧੀ ਗਲਤ ਫੈਸਲਾ ਨਹੀਂ ਦਿੰਦੀ ਅਤੇ ਚਿੱਤ ਗਲਤ ਗੱਲਾਂ ਨੂੰ ਚੇਤੇ ਨਹੀਂ ਕਰਦਾ ਤੇ ਅਹਿਮ ਭਾਵ ਸ਼ੁੱਧ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ। ਜਾਪ ਜਾਰੀ ਹੈ ਤੇ ਸਾਧਨਾ ਵਿੱਚ ਫਿਰ ਸਾਧਕ ਦੀ ਸੁਰਤ ਅਗਾਂਹ ਤੁਰ ਪੈਂਦੀ ਹੈ ਜੋ ਅਗਲਾ ਚੌਥਾ ਪੜਾਅ ਹੈ ਉਸਨੂੰ ਕਹਿੰਦੇ ਹਨ ਕਰਮ ਖੰਡ।

**ਕਰਮ ਖੰਡ** -ਕਰਮ ਸ਼ਬਦ ਸੰਸਕ੍ਰਿਤ ਦਾ ਹੋਵੇ ਤਾਂ ਇਸ ਦੇ ਅੱਖਰੀ ਅਰਥ ਬਣਦੇ ਹਨ ਕੰਮ, ਧੰਦਾ। ਪਰ ਕਰਮ ਸ਼ਬਦ ਪਰਸ਼ੀਅਨ ਦਾ ਹੋਵੇ ਤਾਂ ਇਸ ਦੇ ਅਰਥ ਬਣਦੇ ਹਨ ਬਖਸ਼ਿਸ਼ ,ਰਹਿਮਤ। ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਪਰਸ਼ੀਅਨ ਦਾ ਵਰਤਿਆ ਹੈ ਬਖਸ਼ਿਸ਼ ਦਾ ਖੰਡ ,ਰਹਿਮਤ ਦਾ ਖੰਡ। ਸਾਧਨਾ ਕਰਦਿਆਂ ਕਰਦਿਆਂ ਆਖਿਰ ਸਾਧਕ ਪਰਮਾਤਮਾ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਕਰਮ ਖੰਡ ਦਾ ਮਤਲਬ ਹੈ ਬਖਸ਼ਿਸ਼ ਦਾ ਖੰਡ ਜਿਵੇਂ ਸੂਰਜ ਹਰ ਵਕਤ ਹੀ ਰੋਸ਼ਨੀ ਦਿੰਦਾ ਹੈ ਪਰ ਜੇ ਅੱਖਾਂ ਬੰਦ ਕਰ ਲਈਏ ਤਾਂ ਫਿਰ ਰੋਸ਼ਨੀ ਨਾਲੋਂ ਸਬੰਧ ਟੁੱਟ ਜਾਂਦਾ ਹੈ| ਘਰ ਦੇ ਦਰਵਾਜੇ ਜੇ ਚਾਰੇ ਪਾਸਿਓਂ ਬੰਦ ਕਰ ਲਈਏ ਤਾਂ ਫਿਰ ਕਮਰੇ ਚ ਸੂਰਜ ਦੀਆਂ ਕਿਰਨਾਂ ਦਾ ਪਹੁੰਚਣਾ ਕਠਿਨ ਹੋ ਜਾਂਦਾ ਹੈ। ਉਂਝ ਸੂਰਜ ਹਰ ਵਕਤ ਰੋਸ਼ਨੀ ਦਿੰਦਾ ਹੈ, ਪ੍ਰਕਾਸ਼ ਦਿੰਦਾ ਹੈ| ਪਰਮਾਤਮਾ ਹਰ ਵਕਤ ਬਖਸ਼ਿਸ਼ ਕਰਦਾ ਹੈ ਪਰ ਜਿਸ ਵਕਤ ਸਾਡੀ ਪਿੱਠ ਹੁੰਦੀ ਹੈ, ਜਿਸ ਵਕਤ ਅਸੀਂ ਪਾਤਰ ਨਹੀਂ ਹੁੰਦੇ, ਜਿਸ ਵਕਤ ਸਾਡੀਆਂ ਅੱਖਾਂ ਬੰਦ ਹੁੰਦੀਆਂ ਹਨ ਤਾਂ ਅਸੀਂ ਪਰਮਾਤਮਾ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਾਂ| ਕਰਮਖੰਡ ਵਿੱਚ ਪਹੁੰਚ ਕੇ ਮਨੁੱਖ ਦੀ ਅੱਖ ਖੁੱਲ੍ਹ ਜਾਂਦੀ ਹੈ ਉਸਦਾ ਰੋਸ਼ਨੀ ਨਾਲ ਸੰਬੰਧ ਜੁੜ ਜਾਂਦਾ ਹੈ ਤੇ ਉਹ ਪ੍ਰਭੂ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ| ਗੁਰੂ ਜੀ ਇਸ ਖੰਡ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ:-

ਕਰਮ ਖੰਡ ਕੀ ਬਾਣੀ ਜੋਰੁ।। ਤਿਥੈ ਹੋਰੁ ਨ ਕੋਈ ਹੋਰੁ।।

ਕਰਮ ਖੰਡ ਦੀ ਬਣਤਰ ਬੜੀ ਜ਼ੋਰ ਵਾਲੀ ਹੈ, ਮਹਾਨ ਹੈ, ਬਹੁਤ ਉੱਤਮ ਹੈ| ਇੱਥੇ ਬਾਣੀ ਵਿੱਚ ਜੋਰ ਆ ਜਾਂਦਾ ਹੈ, ਬਚਨਾਂ ਵਿੱਚ ਸੱਤਿਆ ਆ ਜਾਂਦੀ ਹੈ, ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਕਦਮਾਂ ਵਿੱਚ ਕ੍ਰਾਂਤੀ ਆ ਜਾਂਦੀ ਹੈ| ਜਦੋਂ ਕਰਮਖੰਡੀ ਸਾਧਕ ਦੀ ਚੇਤਨਾ ਸਰੀਰ ਤੋਂ ਉੱਪਰ ਉੱਠ ਕੇ ਮਨ ਜਾਂ ਅੰਤਹਕਰਨ ਦੇ ਵਿਭਿੰਨ ਅੰਗਾਂ ਤੋਂ ਵੀ ਉਤਾਂਹ ਉੱਠ ਕੇ ਆਤਮਾ ਵਿੱਚ ਸਥਿਤ ਹੁੰਦੀ ਹੈ ਤਾਂ ਉਸ ਲਈ ਭੌਤਿਕ ਸੰਸਾਰ ਦਾ ਦ੍ਰਿਸ਼ ਵੀ ਬਦਲ ਜਾਂਦਾ ਹੈ| ਅੰਦਰ ਬਾਹਰ ਇੱਕੋ ਪਰਮਾਤਮਾ ਦਾ ਅਨੁਭਵ ਹੁੰਦਾ ਹੈ ਅਸਲ ਵਿੱਚ ਆਤਮਾ ਦਾ ਅਨੁਭਵ ਹੁੰਦਾ ਹੀ ਤਦ ਹੈ ਜਦ ਅੰਦਰ ਬਾਹਰ ਨੂੰ ਨਿਖੇੜਨ ਵਾਲੀਆਂ ਕੰਧਾਂ ਢਹਿ ਜਾਂਦੀਆਂ ਹਨ| ਆਤਮਾ ਦੇ ਅਨੁਭਵ ਨੂੰ ਹੀ ਅਸੀਂ ਪਰਮਾਤਮਾ ਦਾ ਅਨੁਭਵ ਕਹਿ ਸਕਦੇ ਹਾਂ| ਅਸੀਂ ਕਰਮ ਖੰਡ ਨੂੰ ਹੀ ਪਰਮ ਪੁਰਖ ਦੀ ਪ੍ਰਾਪਤੀ ਦਾ ਖੰਡ ਮੰਨਦੇ ਹਾਂ| ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੱਤਾ:-

ਤਿਥੈ ਭਗਤ ਵਸਹਿ ਕੇ ਲੋਅ।। ਕਰਹਿ ਅਨੰਦੁ ਸਚਾ ਮਨਿ ਸੋਇ।।


© Copyright @ Authors

ਗੁਰੂ ਸਾਹਿਬ ਵੱਲੋਂ ਕਰਮ ਖੰਡ ਤੇ ਸੱਚਖੰਡ ਨੂੰ ਇੱਕੋ ਪੌੜੀ ਵਿੱਚ ਦਿੱਤੇ ਜਾਣ ਨੂੰ ਮੁੱਖ ਰੱਖ ਕੇ ਇਹਨਾਂ ਦੋਹਾਂ ਖੰਡਾਂ ਦੇ ਅਨੁਭਵ ਨੂੰ ਪੱਕੀ ਤਰ੍ਹਾਂ ਇੱਕ ਦੂਜੇ ਤੋਂ ਨਿਖੇੜਨਾ ਉਚਿਤ ਨਹੀਂ। ਕਰਮਖੰਡੀ ਸੰਯੋਗ ਵੇਲੇ ਸਾਧਕ ਦੇ ਅੰਦਰ ਪਰਮਾਤਮਾ ਦੇ ਗੁਣ ਪ੍ਰਵੇਸ਼ ਕਰਦੇ ਹਨ। ਉਸ ਦੇ ਆਪਣੇ ਔਗੁਣ ਸਮਾਪਤ ਹੋ ਚੁੱਕੇ ਹੁੰਦੇ ਹਨ। ਇਸ ਲਈ ਉਸ ਵਿੱਚ ਜਿਨੇ ਵੀ ਗੁਣ ਹੋਣਗੇ ਸਭ ਪਰਮਾਤਮਾ ਦੇ ਹੋਣਗੇ। ਗੁਣਾਂ ਦੇ ਪੱਖੋਂ ਸਾਧਕ ਤੇ ਪਰਮਾਤਮਾ ਵਿੱਚ ਕੋਈ ਫਰਕ ਨਾ ਹੋਣ ਕਰਕੇ ਅਸੀਂ ਦੋਹਾਂ ਨੂੰ ਇੱਕ ਮਿੱਕ ਕਹਿ ਸਕਦੇ ਹਾਂ।

ਤਿਥੈ ਜੋਧ ਮਹਾਬਲ ਸੂਰ ਤਿਨ ਮਹਿ ਰਾਮੁ ਰਹਿਆ ਭਰਭੂਰ।।

ਪਰ ਕਰਮ ਖੰਡ ਤੱਕ ਕੋਈ ਯੋਧੇ, ਕੋਈ ਸੂਰਮੇ ਪਹੁੰਚਦੇ ਹਨ। ਹਰ ਮਨੁੱਖ ਦੀ ਇਥੋਂ ਤੱਕ ਪਹੁੰਚ ਨਹੀਂ ਹੈ। ਸੰਸਾਰ ਵਿੱਚ ਉਨ੍ਹਾਂ ਮਨੁੱਖਾਂ ਨੂੰ ਅਸੀਂ ਸਿਰਫ ਉਗਲੀਆਂ ਤੇ ਹੀ ਗਿਣ ਸਕਦੇ ਹਾਂ ਜੋ ਕਰਮ ਖੰਡ ਤੱਕ ਪਹੁੰਚਦੇ ਹਨ। ਬਹੁਤ ਹੀ ਕਠਿਨ ਸਾਧਨਾ ਹੈ। ਇਸ ਵਾਸਤੇ ਕਮਜ਼ੋਰ ਦਿਲ ਦਿਮਾਗ ਰੱਖਣ ਵਾਲੇ, ਆਲਸ ਵਾਲੇ ਦਾ ਕਰਮ ਖੰਡ ਤੱਕ ਤਾਂ ਪਹੁੰਚਣਾ ਬਹੁਤ ਔਖੀ ਗੱਲ ਹੈ ਉਹ ਤਾਂ ਗਿਆਨ ਖੰਡ ਤੱਕ ਵੀ ਨਹੀਂ ਪਹੁੰਚ ਸਕਦੇ।

**ਸੱਚ ਖੰਡ** - ਜਿਸ ਤਰ੍ਹਾਂ ਇੱਕ ਨਦੀ ਸਹਜੇ ਸਹਜੇ ਸਫਰ ਤੈਅ ਕਰਕੇ ਸਾਗਰ ਵਿੱਚ ਮਿਲ ਜਾਂਦੀ ਹੈ ਉਸੇ ਤਰ੍ਹਾਂ ਸਾਧਕ ਸਾਧਨਾ ਕਰਦਾ ਕਰਦਾ ਇੱਕ ਦਿਨ ਨਿਰੰਕਾਰ ਵਿੱਚ ਮਿਲ ਜਾਂਦਾ ਹੈ।

ਸਚ ਖੰਡਿ ਵਸੈ ਨਿਰੰਕਾਰੁ ਕਰਿ ਕਰਿ ਵੇਖੈ ਨਦਰਿ ਨਿਹਾਲ।।

ਡਾ.ਰਾਮ ਸਿੰਘ ਅਨੁਸਾਰ,"ਸੱਚ ਖੰਡ ਵਿਚ ਨਿਰੰਕਾਰ ਦੀ ਅਫੁਰ ਦਸ਼ਾ ਦਾ ਵਰਨਣ ਨਹੀਂ। ਇਸ ਵਿਚ ਉਸ ਦੇ ਅਫੁਰ ਤੋਂ ਸਫੁਰ ਹੋਣ ਦੇ ਸਮੇਂ ਦਾ ਵਰਣਨ ਹੈ ਜਾਂ ਨਿਰਗੁਣ ਤੋਂ ਸਰਗੁਣ ਹੋਣ ਦੀ ਅਵਸਥਾ ਦਾ ਜ਼ਿਕਰ ਹੈ। ਇਹ ਖੰਡ ਨਿਰਗੁਣ ਤੇ ਸਰਗੁਣ ਦਾ ਸੰਧੀ-ਬਿੰਦੂ ਹੈ। ਇਹ ਨਿਰਣਾ ਸਾਨੂੰ ਉਨ੍ਹਾਂ ਵਿਦਵਾਨਾਂ ਤੋਂ ਵੱਖਰਾ ਕਰਦਾ ਹੈ ਜਿਹੜੇ ਸੱਚ-ਖੰਡ ਨੂੰ ਨਿਰਗੁਣ ਦਾ ਵਸਣ ਥਾਓਂ ਕਹਿੰਦੇ ਹਨ। ਨਿਰੰਕਾਰ ਕੇਵਲ ਨਿਰਗੁਣ ਨਹੀਂ ਨਿਰਗੁਣ ਸਰਗੁਣ ਦੋਵੇਂ ਹੈ। "[6]

ਇਸ ਮਾਰਗ ਵਿੱਚ ਰੋਕਾਂ ਵੀ ਅਨੇਕਾਂ ਹਨ ਕਿਉਂਕਿ ਇਹ ਮਾਰਗ ਮੈਦਾਨੇ ਮਾਰਗ ਨਹੀਂ ਹੈ। ਇਹ ਮਾਰਗ ਪਹਾੜੀ ਰਸਤਾ ਹੈ, ਚੜ੍ਹਾਈ ਹੈ। ਪਾਣੀ ਮੈਦਾਨ ਦੀ ਤਰਫ ਆਪਣੇ ਆਪ ਜਾਂਦਾ ਹੈ ਪਰ ਉਸਨੂੰ ਉੱਪਰ ਚੜ੍ਹਾਉਣਾ ਹੋਵੇ ਤਾਂ ਦਬਾਅ, ਪ੍ਰੈਸ਼ਰ ਚਾਹੀਦਾ ਹੈ। ਸੁਰਤ ਨਿਵਾਣ ਦੀ ਤਰਫ ਆਪਣੇ ਆਪ ਜਾਂਦੀ ਹੈ। ਪਰ ਸੱਚਖੰਡ ਦੀ ਤਰਫ ਜਾਣ ਵਾਸਤੇ ਕੁਝ ਆਸਰੇ ਚਾਹੀਦੇ ਹਨ, ਕੁਝ ਵਸੀਲੇ ਚਾਹੀਦੇ ਹਨ ਕਿਉਂਕਿ ਸੱਚਖੰਡ ਟੀਸੀ ਹੈ, ਚੜ੍ਹਾਈ ਹੈ। ਸੱਚਖੰਡ ਸਿਖਰ ਹੈ, ਬੁਲੰਦੀ ਹੈ। ਮਨੁੱਖ ਜੋ ਅੱਠਵੀਂ ਮੰਜ਼ਿਲ ਤੇ ਖੜ੍ਹਾ ਹੈ ਉਸ ਨੂੰ ਇੱਕ ਧੱਕਾ ਮਾਰ ਕੇ ਹੇਠਾਂ ਤਾਂ ਗਿਰਾਇਆ ਜਾ ਸਕਦਾ ਹੈ ਪਰ ਇੱਕ ਧੱਕਾ ਮਾਰ ਕੇ ਉੱਪਰ ਨਹੀਂ ਚੜ੍ਹਾਇਆ ਜਾ ਸਕਦਾ। ਮਨੁੱਖ ਸਹਿਜੇ-ਸਹਿਜੇ ਉੱਪਰ ਚੜ੍ਹੇ ਤੇ ਸੁਰਤ ਨੂੰ ਉੱਪਰ ਕਰੇ| ਇੱਕ ਦਿਨ ਦੀ ਕੁਸੰਗਤ ਇੱਕ ਦਿਨ ਦਾ ਧੱਕਾ ਉਸਦੀ ਕਈ ਸਾਲਾਂ ਦੀ ਮਿਹਨਤ ਨੂੰ ਬਰਬਾਦ ਕਰ ਸਕਦਾ ਹੈ। ਪਰ ਇੱਕ ਦਿਨ ਦੀ ਸਤਿਸੰਗਤ ਨਾਲ ਸੁਰਤ ਉੱਪਰ ਜੁੜੇਗੀ ਨਹੀਂ ਕਿਉਂਕਿ ਇੱਥੇ ਕੜੀ ਸਾਧਨਾਂ ਦੀ ਲੋੜ ਹੈ। ਇਹ ਰਸ ਮਨੁੱਖ ਨੂੰ ਸਹਿਜੇ -ਸਹਿਜੇ ਪ੍ਰਾਪਤ ਹੁੰਦਾ ਹੈ। ਜਿੰਨਾ ਚਿਰ ਤੱਕ ਨਦੀ ਸਾਗਰ ਵਿੱਚ ਲੀਨ ਨਾ ਹੋ ਜਾਵੇ ਉਹ ਪੂਰਨ ਨਹੀਂ ਹੁੰਦੀ| ਜਿੰਨਾ ਚਿਰ ਤੱਕ ਆਤਮਾ ਪਰਮਾਤਮਾ ਵਿੱਚ ਲੀਨ ਨਾ ਹੋਵੇ ਉਹ ਅਧੂਰੀ ਰਹਿ ਜਾਂਦੀ ਹੈ। ਮਨੁੱਖ ਉਸੇ ਦਿਨ ਪੂਰਾ ਹੁੰਦਾ ਹੈ ਜਦੋਂ ਉਹ ਪਰਮਾਤਮਾ ਚ ਲੀਨ ਹੋ ਜਾਂਦਾ ਹੈ। ਸੱਚਖੰਡ ਤੱਕ ਪਹੁੰਚ ਕੇ ਮਨੁੱਖ ਪੂਰਾ ਹੋ ਜਾਂਦਾ ਹੈ, ਮੁਕੰਮਲ ਹੋ ਜਾਂਦਾ ਹੈ। ਆਤਮਾ ਪਰਮਾਤਮਾ ਵਿੱਚ ਲੀਨ ਹੋ ਜਾਂਦੀ ਹੈ| ਇਸ ਤਰ੍ਹਾਂ ਸੱਚਖੰਡ ਨਿਰਗੁਣ ਬ੍ਰਹਮ ਤੇ ਸਰਗੁਣ ਸ੍ਰਿਸ਼ਟੀ ਦੇ ਵਿਚਕਾਰਲੀ ਰਚਨਾਤਮਕ ਸ਼ਕਤੀ ਦਾ ਅਨੁਭਵ ਹੈ। ਇਹ ਨਾਮ ਦੀ ਸਭ ਤੋਂ ਉੱਚੀ ਅਵਸਥਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ.ਜੋਗਿੰਦਰ ਸਿੰਘ ,ਏਹੁ ਅਚਾਰਾ ਸਿਖੁਰੀ ,ਪੰਨਾ-51
2. ਡਾ .ਰਾਮ ਸਿੰਘ ,ਗੁਰੂ ਨਾਨਕ ਬਾਣੀ ਪਰਖ ਤੇ ਸਮਝ ,ਪੰਨਾ -55
3. ਡਾ.ਦੀਵਾਨ ਸਿੰਘ ,ਗੁਰਬਾਣੀ ਚਿੰਤਨ ,ਪੰਨਾ- 60-61
4. ਡਾ.ਜਗਬੀਰ ਸਿੰਘ ,ਬਾਣੀ ਸੰਸਾਰ ,ਪੰਨਾ-98
5. .ਪ੍ਰਿਤਪਾਲ ਸਿੰਘ ,ਜਪੁਜੀ ਵਿਵੇਚਨ -ਪੰਨਾ-74
6. ਡਾ. ਰਾਮ ਸਿੰਘ ,ਜਪੁਜੀ ਦੇ ਪੰਜ ਖੰਡ ,ਪੰਨਾ-83



© Copyright @ Authors

## ਪੁਸਤਕ ਸੂਚੀ

1. ਅੰਮ੍ਰਿਤ ਲਾਲ ਪਾਲ (ਡਾ.), ਸ੍ਰੀਮਤੀ ਵਿਦਿਆਵਤੀ (ਡਾ.) ਗੁਰਮਤਿ ਕਾਵਿ, ਆਰ. ਐੱਸ. ਪਬਲਿਕੇਸ਼ਨ ਪਟਿਆਲਾ,1999
2. ਦੀਪ, ਦਲੀਪ ਸਿੰਘ (ਡਾ.) ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁੱਕ ਸਟੋਰ, ਨਵੀਂ ਦਿੱਲੀ-55, 1969
3. ਰਾਮ ਸਿੰਘ (ਡਾ.) ਗੁਰੂ ਨਾਨਕ ਬਾਣੀ ਪਰਖ ਤੇ ਸਮਝ, ਮਨੋਹਰ ਪੁਸਤਕ ਮਾਲ, ਚੰਡੀਗੜ੍ਹ, 1989
4. ਰਾਮ ਸਿੰਘ (ਡਾ.) ਜਪੁਜੀ ਦੇ ਪੰਜ ਖੰਡ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1996
5. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ,1977


© Copyright @ Authors